ਸਭ ਹੱਕ ਰਾਖਵੇਂ ਹਨ ।

ਜੁਗਤ ਵਿਹੂਣਾ ਵਿਕੋ ਜਾਇ ॥

ੴ ਸਤਿਗੁਰਪ੍ਰਸਾਦਿ ॥

ਜੀਵਣ ਜੁਗਤੀ

G.306

ਅਰਥਾਤ

ਲੋਕ ਪ੍ਰਲੋਕ ਵਿਚਮਾਨ ਪਾਉਣ ਦਾ ਰਸਤਾ

ਰਚਿਤ

ਸ੍ਰੀ ਮਾਨ ਸ੍ਰਦਾਰ ਸ. ਸ. ਚਰਨ ਸਿੰਘ ਜੀ ਸ਼ਹੀਦ

ਕਰਤਾ

ਦਲੇਰ ਕੌਰ, ਚੰਚਲ ਮੂਰਤੀ, ਦੋ ਵਹੁਟੀਆਂ, ਜਗਤ ਤਮਾਸ਼ਾ, ਖੂਨੀ ਹਾਰ ਤੇ ਰਣਜੀਤ ਕੌਰ ਆਦਿ

"ਗੁਰੂ ਖਾਲਸਾ ਪ੍ਰੈਸ" ਅੰਮ੍ਰਿਤਸਰ ਵਿਚ ਸਰਦਾਰ ਪ੍ਰੀਤਮ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਪ੍ਰਬੰਧ ਹੇਠਛਪੀ।

ਚੌਥੀ ਵਾਰ ੧੦੦੦ ਭੇਟਾ ੧)

22809

ਚੌਥੀ ਐਡੀਸ਼ਨ ਦੀ ਭੂਮਿਕਾ

ਇਹ ਜੀਵਨ ਜੁਗਤੀ ਪਹਿਲੀ ਵਾਰ ੧੯੧੪ ਵਿਚ ਛਪੀ ਸੀ ਜਦ ਕਿ ਪੰਜਾਬੀ ਵਿਚ ਚੰਗੀਆਂ ਪੁਸਤਕਾਂ ਬਹੁਤ ਹੀ ਥੋੜੀਆਂ ਲਗਦੀਆਂ ਸਨ। ਪਰ ਇਸ ਪੁਸਤਕ ਨੂੰ ਪੰਜਾਬੀ ਪਬਲਿਕ ਨੇ ਏਨਾ ਪਸੰਦ ਕੀਤਾ ਕਿ ਪਹਿਲੀ ਐਡੀਸ਼ਨ ਦੋ ਹਫ਼ਤੇ ਦੇ ਅੰਦਰ ਹੀ ਖ਼ਤਮ ਹੋ ਗਈ। ਇਸ ਪਰ ਦੂਸਰੀ ਵਾਰੀ ਇਸ ਦੀਆਂ ਕਈ ਹਜ਼ਾਰ ਕਾਪੀਆਂ ਛਾਪੀਆਂ ਗਈਆਂ, ਤੇ ਓਹ ਭੀ ਥੋੜ੍ਹੇ ਹੀ ਸਮੇ ਵਿਚ ਖ਼ਤਮ ਹੋ ਗਈਆਂ। ਉਸਤੋਂ ਬਾਦ ਤੀਸਰੀ ਐਡੀਸ਼ਨ ਛਪੀ ਤੇ ਸਨਮਾਨੀ ਜਾਂਦੀ ਰਹੀ। ਰਿਆਸਤ ਪਟਿਆਲਾ ਨੇ ਏਸ ਪੁਸਤਕ ਨੂੰ ਪੰਜ ਸੌ ਰੁਪਿਆ ਭੇਟਾ ਕੀਤਾ ਸੀ, ਟੈਕਸਟ ਬੁਕ ਕਮੇਟੀ ਦੇ ਮੈਂਬਰਾਂ ਨੇ ਇਸ ਦੀ ਬੇਹੱਦ ਸ਼ਲਾਘਾ ਕੀਤੀ। ਯੂਨੀਵਰਸਟੀ ਪੰਜਾਬ ਨੇ ਇਸ ਨੂੰ ਐਫ. ਏ. ਦਾ ਕੋਰਸ ਨੀਯਤ ਕੀਤਾ, ਪਰ ਸਭ ਤੋਂ ਵੱਡੀ ਕਦਰਦਾਨੀ ਪੰਜਾਬੀ ਪਬਲਿਕ ਨੇ ਇਸ ਦੀਆਂ ਹਜ਼ਾਰਹਾ ਕਾਪੀਆਂ ਖ਼ਰੀਦ ਕੇ ਕੀਤੀ। ਹੁਣ ਕੁਝ ਚਿਰ ਤੋਂ ਇਹ ਪੁਸਤਕ ਬਿਲਕੁਲ ਖ਼ਤਮ ਹੋ ਚੁਕੀ ਸੀ ਤੇ ਪਬਲਿਕ ਵਲੋਂ ਇਸਦੀ ਮੰਗ ਬੜੇ ਜ਼ੋਰ ਨਾਲ ਜਾਰੀ ਸੀ। ਇਸ ਲਈ ਹੁਣ ਇਸਦੀ ਚੌਥੀ ਐਡੀਸ਼ਨ ਪ੍ਰਕਾਸ਼ਤ ਕੀਤੀ ਜਾਂਦੀ ਹੈ। ਵਾਹਿਗੁਰੂ ਨੇ ਚਾਹਿਆ ਤਾਂ ਅਗਲੀ ਵਾਰੀ ਇਸਦੀ ਸ਼ਚਿਤ੍ਰ ਅਡੀਸ਼ਨ ਪ੍ਰਕਾਸ਼ਤ ਕੀਤੀ ਜਾਵੇਗੀ।

ਐਸ. ਐਸ. ਚਰਨ ਸਿੰਘ

ਭੂਮਿਕਾ

(ਏਸ ਨੂੰ ਪੜ੍ਹੇ ਬਿਨਾ ਪੁਸਤਕ ਦਾ ਸੁਆਦ ਨਹੀਂ ਆਵੇਗਾ)

ਵਾਹਿਗੁਰੂ ਦਾ ਲਖ ਲਖ ਸ਼ੁਕਰ ਹੈ ਕਿ ਮੈਂ ਇਕ ਅਜੇਹੀ ਅਦੁਤੀ ਤੇ ਲਾਭਦਾਇਕ ਪੁਸਤਕ ਨੂੰ ਆਪਣੇ ਪੰਜਾਬੀ ਪੜ੍ਹੇ ਸੱਜਣਾਂ ਦੀ ਸੇਵਾ ਵਿਚ ਹਾਜ਼ਰ ਕਰਨ ਦੇ ਯਤਨ ਵਿਚ ਸਫ਼ਲਤਾ ਪ੍ਰਾਪਤ ਕੀਤੀ ਹੈ ਕਿ ਜਿਸਨੂੰ ਮੈਂ ਮਨੁੱਖ ਜਾਤੀ ਦੇ ਹਰੇਕ ਬੁੱਢੇ, ਬੱਚੇ, ਜਵਾਨ, ਬਾਲ, ਇਸਤ੍ਰੀ ਅਤੇ ਮਰਦ ਲਈ ਅਤਯੰਤ ਲਾਭਕਾਰੀ ਸਮਝਦਾ ਹਾਂ।

ਏਹ ਵਡਮੁੱਲੀ ਪੋਥੀ ਅੱਜ ਤੋਂ ਕਈ ਸੌ ਵਰ੍ਹੇ ਪਹਿਲਾਂ ਦੀ ਲਿਖੀ ਹੋਈ ਹੈ। ਏਸ ਦੇ ਧਰਮੀ ਅਤੇ ਨੇਕ ਕਰਤਾ ਦੇ ਪਵਿੱਤ੍ਰ ਨਾਮ ਦਾ ਅਜ ਤਕ ਕਿਸੇ ਨੂੰ ਪਤਾ ਨਹੀਂ ਲੱਗਾ, ਨਹੀਂ ਤਾਂ ਹੁਣ ਤਕ ਯੂਰਪ ਤੇ ਅਮ੍ਰੀਕਾ ਦੇ ਸਾਰੇ ਦੇਸਾਂ ਵਿਚ ਜ਼ਰੂਰ ਓਸ ਨੇਕ ਮਰਦ ਦੀਆਂ ਕਈ ਯਾਦਗਾਰਾਂ ਕਾਇਮ ਹੋ ਚੁਕੀਆਂ ਹੁੰਦੀਆਂ।

ਏਸ ਅਦੁਤੀ ਪੁਸਤਕ ਦੇ ਦੁਨੀਆਂ ਵਿਚ ਪ੍ਰਗਟ ਹੋਣ ਦੀ ਸਾਖੀ ਵੱਡੀ ਸੁਆਦਲੀ ਹੈ। ਭਾਰਤ ਵਰਖ ਦੇ ਉਤ੍ਰ ਵੱਲ ਇੱਕ ਵੱਡਾ ਸਾਰਾ ਪਹਾੜੀ ਦੇਸ ਹੈ, ਜਿਸ ਨੂੰ ਤਿੱਬਤ ਆਖਦੇ ਹਨ ਅਤੇ ਆਰੀਆਂ ਦੀਆਂ ਧਰਮ ਪੁਸਤਕਾਂ ਵਿਚ ਲਿਖਯਾ ਹੈ ਕਿ ਸ੍ਰਿਸ਼ਟੀ ਦੀ ਉਤਪਤੀ ਸਭ ਤੋਂ ਪਹਿਲਾਂ ਤਿੱਬਤ ਵਿਚ ਹੀ ਹੋਈ ਸੀ। ਮੁੱਢ ਤੋਂ ਹੀ ਤਿੱਬਤ ਦੇ ਲੋਕ ਆਪਣੇ ਗੁਰੂਆਂ ਦੀ-ਜਿਨ੍ਹਾਂ ਨੂੰ "ਲਾਮਾ" ਕਿਹਾ ਜਾਂਦਾ ਹੈ-- ਵੱਡੀ ਇੱਜ਼ਤ ਕਰਦੇ ਆਏ ਹਨ। ਉਂਜ ਤਾਂ ਸਾਰੇ ਦੇਸ ਵਿਚ

ਕਈ 'ਲਾਮਾ' ਹਨ, ਪਰ ਸਾਰਿਆਂ ਤੋਂ ਵੱਡੇ ਗੁਰੂ ਨੂੰ "ਮਹਾਂ ਲਾਮਾ" ਆਖਦੇ ਹਨ। 'ਮਹਾਂ ਲਾਮਾ' ਦੀ ਬਾਬਤ ਓਥੋਂ ਦੇ ਲੋਕਾਂ ਦਾ ਹੁਣ ਤੱਕ ਏਹ ਨਿਸਚਾ ਹੈ ਕਿ ਓਹ ਕਦੀ ਮਰਦਾ ਨਹੀਂ, ਕੇਵਲ ਚੋਲਾ ਵਟਾ ਲੈਂਦਾ ਹੈ। 'ਮਹਾਂ ਲਾਮਾ' ਦੇ ਚਰਨਾਂ ਵਿਚ ਵੱਡੇ ਤੋਂ ਵੱਡੇ ਅਤੇ ਛੋਟੇ ਤੋਂ ਛੋਟੇ ਲੋਕ ਸਭ ਸਿਰ ਨਿਵਾਉਂਦੇ ਹਨ। ਪਹਿਲੇ ਸਮੇ ਵਿੱਚ 'ਮਹਾਂ ਲਾਮਾ' ਜਦ ਕਦੀ ਆਮ ਲੋਕਾਂ ਨੂੰ ਦਰਸਨ ਦੇਂਦਾ ਸੀ ਤਾਂ ਓਹ ਇਕ ਉੱਚੀ ਵਡਮੁੱਲੀ ਗੱਦੀ ਉਤੇ ਬੈਠ ਜਾਂਦਾ ਸੀ, ਹਜ਼ਾਰਾਂ ਲੱਖਾਂ ਲੋਕ–ਜਿਨ੍ਹਾਂ ਵਿਚ ਵੱਡੇ ਵੱਡੇ ਰਾਜੇ ਮਹਾਰਾਜੇ ਵੀ ਹੁੰਦੇ ਸਨ–ਉਸਦੇ ਅੱਗੇ ਭੇਟਾ ਚੜ੍ਹਾਉਂਦੇ ਸਨ। ਪਰ 'ਮਹਾਂ ਲਾਮਾ' ਮੂੰਹੋਂ ਕਿਸੇ ਨਾਲ ਨਹੀਂ ਸੀ ਬੋਲਦਾ, ਕੇਵਲ ਸਿਰਾਂ ਉਤੇ ਹੱਥ ਹੀ ਫੇਰ ਦੇਂਦਾ ਸੀ, ਜਿਸਨੂੰ ਓਹ ਲੋਕ ਕਲਜਾਨ ਹੋ ਗਈ ਸਮਝਦੇ ਸਨ।

ਚੀਨ ਦੇ ਵਿਦਵਾਨਾਂ ਦੇ ਦਿਲਾਂ ਵਿਚ ਕਈ ਮੁੱਦਤਾਂ ਤੋਂ ਏਹ ਖਿਆਲ ਚਲਿਆ ਆਉਂਦਾ ਸੀ ਕਿ 'ਮਹਾਂ ਲਾਮਾ' ਦੇ ਗੁਪਤ ਤਹਿਖਾਨਿਆਂ ਵਿਚ ਪੁਰਾਣੀਆਂ ਲਿਖਤ ਦੀਆਂ ਪੋਥੀਆਂ ਦਾ ਇਕ ਤਕੜਾ ਢੇਰ ਹੈ,ਪਰ ਓਹ ਪੁਸਤਕਾਂ ਲੋਕਾਂ ਵਿਚ ਪ੍ਰਚਲਤ ਨਹੀਂ ਕੀਤੀਆਂ ਜਾਂਦੀਆਂ।ਸੰਨ ੧੭੪੯ ਈ: ਵਿਚ ਚੀਨ ਦੇ ਸ਼ਹਿਨਸ਼ਾਹ ਨੂੰ ਓਨ੍ਹਾਂ ਪੁਰਾਣੀਆਂ ਪੁਸਤਕਾਂ ਦੇ ਦੇਖਣ ਦਾ ਸ਼ੌਕ ਉਪਜਿਆ। ਓਸ ਨੇ ਵੱਡੀ ਖੋਜ ਭਾਲ ਨਾਲ "ਕਾਊਤਸੋ" ਨਾਮੇ ਇਕ ਪੰਜਾਹ ਵਰ੍ਹੇ ਦੀ ਉਮਰ ਦੇ ਵਿਦਵਾਨ ਨੂੰ ਲੱਭਿਆ ਜੋ ਕਿ ਪੁਰਾਣੇ ਸਮੇ ਦੀਆਂ ਸਾਰੀਆਂ ਬੋਲੀਆਂ ਚੰਗੀ ਤਰਾਂ ਜਾਣਦਾ ਸੀ। "ਕਾਊਤਸੋ"

ਨੇ ਥੋੜੇ ਜੇਹੇ ਯਤਨ ਨਾਲ ਤਿੱਬਤੀ ਬੋਲੀ ਵੀ ਸਿੱਖ ਲਈ ਅਤੇ ਫੇਰ ਸ਼ਹਿਨਸ਼ਾਹ ਨੇ ਓਸਨੂੰ ਆਪਣੇ ਵੱਡੇ ਵਜ਼ੀਰ ਦੀ ਪਦਵੀ ਬਖਸ਼ਕੇ ਅਣਗਿਣਤ ਧਨ ਭੇਟਾ ਦੇ ਤੌਰ ਤੇ ਅਤੇ ਇਕ ਬਿਨੈ-ਪਤ੍ਰ ਦੇਕੇ 'ਮਹਾਂ ਲਾਮਾ'ਦੀ ਸੇਵਾ ਵਿਚ ਘੱਲਿਆ ਜਿਸ ਵਿਚ ਬੇਨਤੀ ਕੀਤੀ ਕਿ ਮੇਰੇ ਏਸ ਵੱਡੇ ਵਜ਼ੀਰ ਨੂੰ ਆਪਣੇ ਗੁਪਤ ਤਹਿਖਾਨਿਆਂ ਦੀਆਂ ਅਜੀਬ ਤੇ ਅਮੋਲਕ ਲਿਖਤ ਦੀਆਂ ਪੁਸਤਕਾਂ ਦੇਖਣ ਦੀ ਆਗਿਆ ਬਖਸ਼ ਕੇ ਧੰਨਵਾਦੀ ਬਣਾਓ!

'ਮਹਾਂ ਲਾਮਾ' ਨੇ ਵੱਡੀ ਕ੍ਰਿਪਾਲਤਾ ਨਾਲ ਸ਼ਹਿਨਸ਼ਾਹ ਦੀ ਬੇਨਤੀ ਪ੍ਰਵਾਨ ਕੀਤੀ। 'ਕਾਊਤਸੋ'ਕਈ ਹਫ਼ਤਿਆਂ ਤਕ ਪੁਰਾਣੀਆਂ ਪੁਸਤਕਾਂ ਨੂੰ ਦੇਖਦਾ,ਪੜ੍ਹਦਾ ਅਤੇ ਓਨ੍ਹਾਂ ਦੀ ਨਕਲ ਕਰਦਾ ਰਿਹਾ।ਓਹਨਾਂ ਹੀ ਵਡਮੁੱਲੀਆਂ ਤੇ ਕਠਿਨਤਾ ਨਾਲ ਮਿਲੀਆਂ ਪੁਸਤਕਾਂ ਵਿੱਚੋਂ ਦੋ ਪੁਸਤਕਾਂ ਸੰਸਕ੍ਰਿਤ ਵਿਚ ਲਿਖੀਆਂ ਹੋਈਆਂ ਮਿਲੀਆਂ, ਜਿਨ੍ਹਾਂ ਦਾ ਇਕ ਇਕ ਉਲਥਾ ਓਸ ਨੇ ਪਹਿਲਾਂ ਤਿੱਬਤੀ ਬੋਲੀ ਵਿਚ ਅਤੇ ਫੇਰ ਚੀਨੀ ਬੋਲੀ ਵਿਚ ਕੀਤਾ। ਫੇਰ ਓਸੇ ਵਰ੍ਹੇ ਅਰਥਾਤ ਸੰਨ ੧੭੪੯, ੫੦ ਈਸਵੀ ਵਿਚ ਕਿਸੇ ਪ੍ਰੇਮੀ ਨੇ ਏਸ ਦਾ ਉਲਥਾ ਅੰਗ੍ਰੇਜ਼ੀ ਵਿਚ ਕਰਕੇ ਲੰਡਨ ਦੇ ਲਾਰਡ ਚੈਸਟਰਫੀਲਡ ਦੀ ਸੇਵਾ ਵਿਚ ਭੇਟਾ ਕੀਤਾ ਅਤੇ ੧੭੫੧ ਈਃ ਵਿਚ ਏਹ ਪੁਸਤਕ ਅੰਗ੍ਰੇਜ਼ੀ ਵਿਚ "ਐਕੌਨੋਮੀ ਔਫ ਹਯੂਮਨ ਲਾਈਫ" ਨਾਮ ਧਰਾਕੇ ਪਹਿਲੀ ਵਾਰ ਯੂਰਪ ਵਿਚ ਪ੍ਰਗਟ ਹੋਈ।

ਏਸ ਪੁਸਤਕ ਨੂੰ ਇੰਗਲੈਂਡ ਤੇ ਯੂਰਪ ਦੇ ਲੋਕਾਂ ਨੇ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.